ਦਫਤਰ ਜ਼ਿਲਾ ਮੈਜਿਸਟਰੇਟ, ਕਪੂਰਥਲਾ
Tele. No. 01822 - 233777-O, 233776-R, 233393-F
Email dckapurthala@gmail.com

ਹੁਕਮ

ਕਰੋਨਾ ਵਾਇਰਸ ਦੇ ਫੈਲਣ ਤੋ ਬਚਾਅ ਸਬੰਧੀ ਇਸ ਦਫਤਰ ਦੇ ਹੁਕਮ ਜੋ ਪਿਠਅੰਕਣ ਨੰਬਰ 1251-1287/ਐਮ.ਏ. ਮਿਤੀ 23.03.2020 ਰਾਹੀਂ ਜਾਰੀ ਕੀਤੇ ਗਏ ਹਨ, ਰਾਹੀਂ ਜ਼ਿਲਾ ਕਪੂਰਥਲਾ ਵਿੱਚ 23.03.2020 ਬਾਅਦ ਦੁਪਹਿਰ 1.00 ਵਜੇ ਤੋ ਅਗਲੇ ਹੁਕਮਾਂ ਤੱਕ ਕਰਫਿਊ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਸਨ, ਜਿਸ ਵਿੱਚ ਕੋਈ ਵੀ ਦੁਕਾਨ ਖੋਲਣ ਅਤੇ ਕਿਸੇ ਵੀ ਵਿਅਕਤੀ ਦੇ ਚੱਲਣ ਫਿਰਨ ਤੇ ਮਨਾਹੀ ਹੈ। ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਜ਼ਰੂਰੀ ਵਸਤੂਆ ਅਤੇ ਛੋਟੇ ਬੱਚਿਆ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਫਿਊ ਦੌਰਾਨ ਹੇਠ ਲਿਖੇ ਅਨੁਸਾਰ ਛੋਟ ਦੇ ਹੁਕਮ ਦਿੱਤੇ ਜਾਂਦੇ ਹਨ:

1. ਡੇਅਰੀਆ ਸਵੇਰੇ 5.00 ਵਜੇ ਤੋ ਸਵੇਰੇ 8.00 ਵਜੇ ਤੱਕ ਖੋਲੀਆ ਜਾਣਗੀਆ ਅਤੇ ਦੋਧੀਆ ਵੱਲੋ ਘਰ ਘਰ ਜਾ ਕੇ ਦੁੱਧ ਦੀ ਸਪਲਾਈ ਦਾ ਕੰਮ ਵੀ ਸਵੇਰੇ 5.00 ਵਜੇ ਤੋ ਸਵੇਰੇ 8.00 ਵਜੇ ਤੱਕ ਕੀਤਾ ਜਾਵੇਗਾ। ਸਵੇਰੇ 8.00 ਵਜੇ ਤੋ ਬਾਅਦ ਦੋਧੀਆ ਦੇ ਚਲੱਣ ਫਿਰਨ ਤੇ ਮਨਾਹੀ ਹੋਵੇਗੀ।

2. ਹਾਕਰਜ਼ ਵੱਲੋ ਅਖਬਾਰਾਂ ਵੰਡਣ ਦਾ ਕੰਮ ਸਵੇਰੇ 5.00 ਵਜੇ ਤੋ ਸਵੇਰੇ 8.00 ਵਜੇ ਤੱਕ ਕੀਤਾ ਜਾਵੇਗਾ। ਸਵੇਰੇ 8.00 ਵਜੇ ਤੋ ਬਾਦ ਹਾਕਰਜ਼ ਦੇ ਚਲੱਣ ਫਿਰਨ ਤੇ ਮਨਾਹੀ ਹੋਵੇਗੀ।

3. ਕੈਮਿਸਟ ਸ਼ਾਪ ਅਤੇ ਪੈਟਰੋਲ ਪੰਪ ਰੋਜ਼ਾਨਾ ਸਵੇਰੇ 5.00 ਵਜੇ ਤੋ ਸਵੇਰੇ 8.00 ਵਜੇ ਤੱਕ ਖੋਲੇ ਜਾਣਗੇ।

4. ਸਬਜ਼ੀਆ ਅਤੇ ਫਲਾਂ ਦੀ ਵਿਕਰੀ ਸਮੂਹ ਉਪ ਮੰਡਲ ਮੈਜਿਸਟਰੇਟਸ ਵੱਲੋ ਸ਼ਨਾਖਤ ਕੀਤੇ ਗਏ ਰੇਹੜੀਆ ਵਿਕਰੇਤਾ ਵੱਲੋ ਮਹੱਲਿਆ ਵਿੱਚ ਰੋਜ਼ਾਨਾ ਦੁਪਹਿਰ 2.00 ਵਜੇ ਤੋ ਸ਼ਾਮ 6.00 ਵਜੇ ਤੱਕ ਜਾ ਕੇ ਕੀਤੀ ਜਾਵੇਗੀ।

5. ਕਰਿਆਣਾ, ਬੇਕਰੀ ਅਤੇ ਐਲ.ਪੀ.ਜੀ. ਗੈਸ ਦੀ ਸਪਲਾਈ ਸਬੰਧੀ ਆਮ ਜਨਤਾ ਵੱਲੋ ਲੋੜ ਪੈਣ ਤੇ ਸਬੰਧਤ ਸ਼ਾਪਕੀਪਰ/ਗੈਸ ਏਜੰਸੀ ਨਾਲ ਫੋਨ ਤੇ ਸੰਪਰਕ ਕੀਤਾ ਜਾਵੇ, ਜਿਨ੍ਹਾਂ ਵੱਲੋ ਦੁਪਹਿਰ 2.00 ਵਜੇ ਤੋ ਸ਼ਾਮ 6.00 ਵਜੇ ਤੱਕ ਇਨ੍ਹਾਂ ਸੁਵਿਧਾਵਾਂ ਦੀ Home delivery ਕੀਤੀ ਜਾਵੇਗੀ ।

6. ਪਸ਼ੂਆ ਲਈ ਤੂੜੀ ਅਤੇ ਚਾਰੇ ਸਬੰਧੀ ਸਾਰੀ ਕਾਰਵਾਈ (ਢੋਆ ਢੁਆਈ ਲੋਡਿੰਗ/ਅਣਲੋਡਿੰਗ) ਟਾਲ ਅਤੇ ਦੁਕਾਨਾ ਰੋਜ਼ਾਨਾ ਸਵੇਰੇ 2.00 ਵਜੇ ਤੋ ਸਵੇਰੇ 8.00 ਵਜੇ (6 ਘੰਟੇ) ਤੱਕ ਖੁਲਣਗੀਆ।

7. ਪੋਲਟਰੀ ਫੀਡ /ਕੈਟਲ ਫੀਡ ਦੀਆ ਦੁਕਾਨਾ ਹਫਤੇ ਵਿੱਚ ਦੋ ਬਾਰ ਬੁੱਧਵਾਰ ਅਤੇ ਸ਼ੁਕਰਵਾਰ ਨੂੰ ਸਵੇਰੇ 2.00 ਵਜੇ ਤੋ ਸਵੇਰੇ 8.00 ਵਜੇ (6 ਘੰਟੇ ) ਤੱਕ ਖੁਲਣਗੀਆ ।

8. ਜ਼ਿਲਾ ਕਪੂਰਥਲਾ ਦੇ ਸਾਰੇ ਪ੍ਰਾਈਵੇਟ ਹਸਪਤਾਲ /ਕਲੀਨਿਕਸ ਕੇਵਲ ਐਮਰਜੈਸੀ ਸੇਵਾਵਾਂ ਲਈ ਖੁਲੇ ਰਹਿਣਗੇ।
ਉਪਰੋਕਤ ਸੁਵਿਧਾਵਾਂ ਲਈ ਕੇਵਲ ਇਕ ਹੀ ਵਿਅਕਤੀ ਘਰ ਤੋਂ ਬਾਹਰ ਆਏਗਾ।

ਜੇਕਰ ਉਪਰੋਕਤ ਸੁਵਿਧਾਵਾਂ ਲੈਣ ਵਿੱਚ ਕਿਸੇ ਵਿਅਕਤੀ ਨੂੰ ਕੋਈ ਮੁਸ਼ਕਲ ਪੇਸ਼ ਆਉਦੀ ਹੈ ਤਾਂ ਹੇਠ ਲਿਖੇ ਕੰਟਰੋਲ ਰੂਮ ਦੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:

| | |
|---|---|
| ਪੁਲਿਸ ਕੰਟਰੋਲ ਰੂਮ | 8194800091<br>9592914519<br>01822233768 ਜਾਂ 100 ਅਤੇ 112 ਤੇ ਕਾਲ ਕੀਤੀ ਜਾਵੇ। |
| ਐਸ.ਡੀ.ਐਮ. ਕਪੂਰਥਲਾ | 88724-31200 |
| ਐਸ.ਡੀ.ਐਮ., ਸੁਲਤਾਨਪੁਰ ਲੋਧੀ | 98725-74175 |
| ਐਸ.ਡੀ.ਐਮ. ਫਗਵਾੜਾ | 01824-260201 , 62397-45143 |
| ਐਸ.ਡੀ.ਐਮ. ਭੁਲੱਥ | 01822-244202 |

Scanned by CamScanner

ਇਹ ਹੁਕਮ ਅਗਲੇ ਹੁਕਮਾਂ ਤੱਕ ਜਾਰੀ ਰਹਿਣਗੇ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਸਮੂਹ ਆਮ ਲੋਕਾਂ ਨੂੰ ਸੰਬੋਧਨ ਕੀਤਾ ਜਾਦਾ ਹੈ। ਇਹ ਹੁਕਮ ਜ਼ਿਲਾ ਕਪੂਰਥਲਾ ਵਿੱਚ ਸੀਨੀਅਰ ਪੁਲਿਸ ਕਪਤਾਨ, ਉਪ ਮੰਡਲ ਮੈਜਿਸਟਰੇਟਰਾਂ, ਤਹਿਸੀਲਦਾਰਾਂ, ਕਾਰਜ ਸਾਧਕ ਅਫਸਰਾਂ ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਦੇ ਦਫਤਰ ਵੱਲੋ ਨੋਟਿਸ ਬੋਰਡ ਤੇ ਚਸਪਾ ਕਰਕੇ ਲਾਗੂ ਕਰਵਾਇਆ ਜਾਵੇ । ਲੋਕ ਸੰਪਰਕ ਵਿਭਾਗ ਕਪੂਰਥਲਾ ਵੱਲੋ ਪ੍ਰੈਸ ਮਾਧਿਅਮ ਰਾਹੀਂ ਇਸ ਦਾ ਪ੍ਰਚਾਰ ਕੀਤਾ ਜਾਵੇ ਅਤੇ ਸਮੂਹ ਧਾਰਮਿਕ ਸਥਾਨਾਂ ਵੱਲੋ ਲਾਊਂਡ ਸਪੀਕਰਾਂ ਰਾਹੀਂ ਲੋਕਾ ਨੂੰ ਸੂਚਿਤ ਕੀਤਾ ਜਾਵੇ ਤਾਂ ਕਰੋਨਾ ਵਾਇਰਸ (COVID-19) ਦੇ ਫੈਲਣ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤ ਦੀ ਮੋਹਰ ਨਾਲ ਅੱਜ ਮਿਤੀ 24.03.2020 ਨੂੰ ਜਾਰੀ ਕੀਤਾ ਗਿਆ।

Sd/-

ਜ਼ਿਲਾ ਮੈਜਿਸਟਰੇਟ,
ਕਪੂਰਥਲਾ।

ਪਿੱਠਅੰਕਣ ਨੰਬਰ 1655-1716 /ਐਮ.ਏ. ਮਿਤੀ 24/03/2020

ਇਸ ਦਾ ਉਤਾਰਾ:-

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਗ੍ਰਹਿ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
3. ਕਮਿਸ਼ਨਰ,ਜਲੰਧਰ ਮੰਡਲ,ਜਲੰਧਰ।
4. ਆਈ.ਜੀ. ਪੁਲਿਸ ਜਲੰਧਰ ਰੇਜ਼, ਜਲੰਧਰ
5. ਸਮੂਹ ਡਿਪਟੀ ਕਮਿਸ਼ਨਰ,ਪੰਜਾਬ ਰਾਜ।
6. ਜ਼ਿਲਾ ਅਤੇ ਸੈਸ਼ਨ ਜੱਜ, ਕਪੂਰਥਲਾ
7. ਸੀਨੀਅਰ ਪੁਲਿਸ ਕਪਤਾਨ,ਕਪੂਰਥਲਾ।
8. ਵਧੀਕ ਡਿਪਟੀ ਕਮਿਸ਼ਨਰ ਫਗਵਾੜਾ/ਵਧੀਕ ਡਿਪਟੀ ਕਮਿਸ਼ਨਰ (ਵਿ) ਕਪੂਰਥਲਾ।
9. ਉਪ ਮੰਡਲ ਮੈਜਿਸਟਰੇਟ ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਭੁਲੱਥ।
10. ਸਿਵਲ ਸਰਜਨ, ਕਪੂਰਥਲਾ
11. ਜਿਲਾ ਵਿਕਾਸ ਤੇ ਪੰਚਾਇਤ ਅਫਸਰ,ਕਪੂਰਥਲਾ/ਜਿਲਾ ਲੋਕ ਸੰਪਰਕ ਅਫਸਰ ਕਪੂਰਥਲਾ।
12. ਜ਼ਿਲਾ ਖੁਰਾਕ ਸਪਲਾਈ ਕੰਟਰੋਲਰ, ਕਪੂਰਥਲਾ /ਜ਼ਿਲਾ ਮੰਡੀ ਅਫਸਰ, ਕਪੂਰਥਲਾ
13. ਲੀਡ ਜ਼ਿਲਾ ਮੈਨੇਜ਼ਰ, ਕਪੂਰਥਲਾ
14. ਤਹਿਸੀਲਦਾਰ ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ ਭੁਲੱਥ/ਨਾਇਬ ਤਹਿ:ਢਿੱਲਵਾਂ/ਤਲਵੰਡੀ ਚੋਧਰੀਆ।
15. ਬੀ.ਡੀ.ਪੀ.ਓ.ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਢਿਲਵਾਂ/ਨਡਾਲਾ।
16. ਕਮਿਸ਼ਨਰ,ਨਗਰ ਨਿਗਮ,ਫਗਵਾੜਾ/ਕਾਰਜ ਸਾਧਕ ਅਫਸਰ,ਨਗਰ ਕੋਸਲ ਕਪੂਰਥਲਾ/ਸੁਲਤਾਨਪੁਰ ਲੋਧੀ ਅਤੇ ਨਗਰ ਪੰਚਾਇਤ ਭੁਲੱਥ/ਬੇਗੋਵਾਲ/ਨਡਾਲਾ/ਢਿਲਵਾਂ।
17. ਸੁਪਰਡੈਂਟ ਗਰੇਡ-1/ਪੀ.ਏ.ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ/ਏ.ਸੀ.(ਜ)/ਡੀ.ਆਰ.ਓ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲਾ ਮੈਜਿਸਟਰੇਟ,
ਕਪੂਰਥਲਾ।

Scanned by CamScanner